# ਚਿਕਨਪੌਕਸ ਦਾ ਲੋਦਾ

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

## 1 ਲੋਦਾ ਕਿਉਂ ਲਵਾਉਣਾ ਹੈ?

**ਚਿਕਨਪੌਕਸ (ਜਿਸ ਨੂੰ ਛੋਟੀ ਮਾਤਾ ਵੀ ਕਿਹਾ ਜਾਂਦਾ ਹੈ) ਬਚਪਨ ਵਿਚ ਹੋਣ ਵਾਲੀ ਇਕ ਆਮ ਬੀਮਾਰੀ ਹੈ।** ਇਸ ਬੀਮਾਰੀ ਦੇ ਅਸਰ ਆਮ ਤੌਰ ਤੇ ਹਲਕੇ ਹੀ ਹੁੰਦੇ ਹਨ, ਪਰ ਛੋਟੇ ਬੱਚਿਆਂ ਅਤੇ ਬਾਲਗਾਂ ਵਿਚ ਇਹ ਗੰਭੀਰ ਵੀ ਹੋ ਸਕਦੀ ਹੈ।

- ਚਿਕਨਪੌਕਸ ਦਾ ਵਾਇਰਸ, ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਹਵਾ ਰਾਹੀਂ, ਜਾਂ ਚਿਕਨਪੌਕਸ ਦੇ ਛਾਲਿਆਂ ਵਿਚੋਂ ਨਿਕਲੇ ਪਾਣੀ ਦੀ ਲਾਗ ਨਾਲ ਫੈਲ ਸਕਦਾ ਹੈ।
- ਇਸ ਨਾਲ ਧੱਫੜ, ਖਾਜ, ਬੁਖਾਰ, ਅਤੇ ਥਕੇਂਵਾਂ ਹੋ ਸਕਦੇ ਹਨ।
- ਇਸ ਨਾਲ ਚਮੜੀ ਦੀ ਗੰਭੀਰ ਬੀਮਾਰੀ, ਦਾਗ, ਨਮੂਨੀਆ, ਦਿਮਾਗ ਦਾ ਨੁਕਸਾਨ ਹੋ ਸਕਦੇ ਹਨ ਜਾਂ ਮੌਤ ਵੀ ਹੋ ਸਕਦੀ ਹੈ।
- ਚਿਕਨਪੌਕਸ ਵਾਲੇ ਵਿਅਕਤੀ ਦੇ, ਸਾਲਾਂ ਬਾਅਦ ਦਰਦਨਾਕ ਧੱਫੜ ਪੈ ਸਕਦੇ ਹਨ, ਜਿਸ ਨੂੰ ਜਨੇਊ (Shingles) ਕਿਹਾ ਜਾਂਦਾ ਹੈ।
- ਯੂਨਾਈਟਡ ਸਟੇਟਸ ਵਿਚ ਹਰ ਸਾਲ ਤਕਰੀਬਨ 12,000 ਲੋਕ, ਚਿਕਨਪੌਕਸ ਕਾਰਨ ਹਸਪਤਾਲ ਵਿਚ ਦਾਖਲ ਹੁੰਦੇ ਹਨ।
- ਚਿਕਨਪੌਕਸ ਨਾਲ, ਯੂਨਾਈਟਡ ਸਟੇਟਸ ਵਿਚ ਹਰ ਸਾਲ ਤਕਰੀਬਨ 100 ਲੋਕਾਂ ਦੀ ਮੌਤ ਹੁੰਦੀ ਹੈ।

**ਚਿਕਨਪੌਕਸ ਦਾ ਲੋਦਾ ਚਿਕਨਪੌਕਸ ਤੋਂ ਬਚਾਅ ਕਰ ਸਕਦਾ ਹੈ।**

ਚਿਕਨਪੌਕਸ ਦਾ ਲੋਦਾ ਲਵਾਉਣ ਵਾਲੇ ਬਹੁਤੇ ਵਿਅਕਤੀਆਂ ਨੂੰ ਚਿਕਨਪੌਕਸ ਦੀ ਬੀਮਾਰੀ ਨਹੀਂ ਹੋਵੇਗੀ। ਪਰ ਜੇ ਚਿਕਨਪੌਕਸ ਦਾ ਲੋਦਾ ਲਵਾਉਣ ਵਾਲੇ ਕਿਸੇ ਵਿਅਕਤੀ ਨੂੰ ਇਹ ਬੀਮਾਰੀ ਹੋ ਜਾਵੇ ਤਾਂ ਇਸ ਦਾ ਅਸਰ ਆਮ ਤੌਰ ਤੇ ਬਹੁਤ ਹਲਕਾ ਹੁੰਦਾ ਹੈ। ਚਿਕਨਪੌਕਸ ਦੇ ਛਾਲੇ ਬਹੁਤ ਘੱਟ ਥਾਂਵਾਂ ਤੇ ਹੋਣਗੇ, ਅਤੇ ਬੁਖਾਰ ਹੋਣ ਦੀ ਸੰਭਾਵਨਾ ਘੱਟ ਹੋਵੇਗੀ ਅਤੇ ਉਹ ਵਿਅਕਤੀ ਜਲਦੀ ਹੀ ਠੀਕ ਹੋ ਜਾਣਗੇ।

## 2 ਚਿਕਨਪੌਕਸ ਦਾ ਲੋਦਾ ਕਿਸ ਨੂੰ ਅਤੇ ਕਦੋਂ ਲਵਾਉਣਾ ਚਾਹੀਦਾ ਹੈ?

✔ **ਬੱਚਿਆਂ ਦੇ ਚਿਕਨਪੌਕਸ ਦਾ ਇਕ ਲੋਦਾ, 12 ਤੋਂ 18 ਮਹੀਨੇ ਦੀ ਉਮਰ ਵਿਚਕਾਰ ਲੱਗਣਾ ਚਾਹੀਦਾ ਹੈ,** ਜਾਂ ਜੇ ਉਨ੍ਹਾਂ ਨੂੰ ਕਦੇ ਵੀ ਚਿਕਨਪੌਕਸ ਦੀ ਬੀਮਾਰੀ ਨਹੀਂ ਹੋਈ ਤਾਂ ਇਸ ਤੋਂ ਬਾਅਦ ਕਿਸੇ ਵੀ ਉਮਰ ਵਿਚ ਲੱਗਣਾ ਚਾਹੀਦਾ ਹੈ।

ਜਿਹੜੇ ਲੋਕਾਂ ਦੇ 13 ਸਾਲ ਜਾਂ ਜ਼ਿਆਦਾ ਉਮਰ ਤੱਕ ਇਹ ਲੋਦਾ ਨਾ ਲੱਗੇ, ਉਨ੍ਹਾਂ ਨੂੰ 4-8 ਹਫਤਿਆਂ ਦੇ ਫਰਕ ਨਾਲ **2 ਲੋਦੇ** ਲਵਾਉਣੇ ਚਾਹੀਦੇ ਹਨ।

ਹੋਰ ਜਾਣਕਾਰੀ ਲਈ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ।

ਚਿਕਨਪੌਕਸ ਦਾ ਲੋਦਾ, ਦੂਜੇ ਲੋਦਿਆਂ ਦੇ ਨਾਲ ਹੀ ਲਾਇਆ ਜਾ ਸਕਦਾ ਹੈ।

## 3 ਕੁਝ ਲੋਕਾਂ ਨੂੰ ਚਿਕਨਪੌਕਸ ਦਾ ਲੋਦਾ ਨਹੀਂ ਲਵਾਉਣਾ ਚਾਹੀਦਾ ਜਾਂ ਉਨ੍ਹਾਂ ਨੂੰ ਉਡੀਕ ਕਰਨੀ ਚਾਹੀਦੀ ਹੈ

- ਉਨ੍ਹਾਂ ਲੋਕਾਂ ਨੂੰ ਚਿਕਨਪੌਕਸ ਦਾ ਲੋਦਾ ਨਹੀਂ ਲਵਾਉਣਾ ਚਾਹੀਦਾ, ਜਿਨ੍ਹਾਂ ਨੂੰ ਕਦੇ ਵੀ **gelatin** ਐਂਟੀਬਾਇਐਟਕ **neomycin** ਜਾਂ (ਜਿਨ੍ਹਾਂ ਨੂੰ ਦੂਜੀ ਵਾਰੀ ਲੋਦਾ ਲਵਾਉਣ ਦੀ ਲੋੜ ਹੈ) **ਚਿਕਨਪੌਕਸ ਦੇ ਪਹਿਲੇ ਲੋਦੇ ਤੋਂ** ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲਾ ਅਲਰਜੀ ਦਾ ਰੀਐਕਸ਼ਨ ਹੋਇਆ ਹੈ।
- ਜਿਹੜੇ ਲੋਕ, ਲੋਦਾ ਲਵਾਉਣ ਲਈ ਮਿੱਥੇ ਸਮੇਂ, ਥੋੜ੍ਹੇ ਜਿਹੇ ਜਾਂ ਗੰਭੀਰ ਰੂਪ ਵਿਚ ਬੀਮਾਰ ਹਨ, ਉਨ੍ਹਾਂ ਨੂੰ ਆਮ ਤੌਰ ਤੇ ਚਿਕਨਪੌਕਸ ਦਾ ਲੋਦਾ ਲਵਾਉਣ ਦੀ ਉਦੋਂ ਤੱਕ ਉਡੀਕ ਕਰਨੀ ਚਾਹੀਦੀ ਹੈ, ਜਦੋਂ ਤੱਕ ਉਹ ਠੀਕ ਨਹੀਂ ਹੋ ਜਾਂਦੇ।
- ਗਰਭਵਤੀ ਔਰਤਾਂ ਨੂੰ, ਚਿਕਨਪੌਕਸ ਦਾ ਲੋਦਾ ਬੱਚੇ ਦੇ ਜਨਮ ਤੋਂ ਬਾਅਦ ਲਵਾਉਣਾ ਚਾਹੀਦਾ ਹੈ। ਔਰਤਾਂ ਨੂੰ, ਚਿਕਨਪੌਕਸ ਦਾ ਲੋਦਾ ਲਵਾਉਣ ਤੋਂ ਬਾਅਦ ਇਕ ਮਹੀਨੇ ਲਈ ਗਰਭਵਤੀ ਨਹੀਂ ਹੋਣਾ ਚਾਹੀਦਾ।
- ਕੁਝ ਲੋਕਾਂ ਨੂੰ ਇਹ ਪਤਾ ਕਰਨ ਲਈ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਕੀ ਉਨ੍ਹਾਂ ਨੂੰ ਚਿਕਨਪੌਕਸ ਦਾ ਲੋਦਾ ਲਵਾਉਣਾ ਚਾਹੀਦਾ ਹੈ ਕਿ ਨਹੀਂ, ਜਿਨ੍ਹਾਂ ਵਿਚ ਇਹ ਲੋਕ ਸ਼ਾਮਲ ਹਨ:
  - ਜਿਨ੍ਹਾਂ ਨੂੰ HIV/AIDS (ਐੱਚ ਆਈ ਵੀ/ਏਡਜ) ਜਾਂ ਅਜਿਹੀ ਕੋਈ ਹੋਰ ਬੀਮਾਰੀ ਹੈ ਜਿਹੜੀ ਇਮਿਊਨ ਸਿਸਟਮ (ਸਰੀਰ ਦੇ ਬੀਮਾਰੀਆਂ ਦਾ ਮੁਕਾਬਲੇ ਕਰਨ ਦੇ ਸਿਸਟਮ) ਤੇ ਅਸਰ ਪਾਉਂਦੀ ਹੈ
  - ਜਿਨ੍ਹਾਂ ਦਾ ਅਜਿਹੀਆਂ ਦਵਾਈਆਂ ਨਾਲ ਇਲਾਜ ਹੋ ਰਿਹਾ ਹੈ, ਜਿਹੜੀਆਂ ਇਮਿਊਨ ਸਿਸਟਮ ਤੇ ਅਸਰ ਪਾਉਂਦੀਆਂ ਹਨ, ਜਿਵੇਂ 2 ਹਫਤਿਆਂ ਜਾਂ ਜ਼ਿਆਦਾ ਸਮੇਂ ਲਈ ਸਟੀਰਾਇਡਜ਼ ਲੈਣਾ
  - ਜਿਨ੍ਹਾਂ ਨੂੰ ਕਿਸੇ ਕਿਸਮ ਦੀ ਕੈਂਸਰ ਹੈ
  - ਜਿਹੜੇ ਐਕਸਰੇਜ਼ ਜਾਂ ਦਵਾਈਆਂ ਨਾਲ ਕੈਂਸਰ ਦਾ ਇਲਾਜ ਕਰਵਾ ਰਹੇ ਹਨ
- ਜਿਨ੍ਹਾਂ ਲੋਕਾਂ ਨੂੰ ਹੁਣੇ ਹੁਣੇ ਖ਼ੂਨ ਜਾਂ ਖ਼ੂਨ ਦੀਆਂ ਹੋਰ ਵਸਤਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਨੂੰ ਆਪਣੇ ਡਾਕਟਰ ਤੋਂ ਪੁੱਛਣਾ ਚਾਹੀਦਾ ਹੈ ਕਿ ਉਹ ਕਦੋਂ ਚਿਕਨਪੌਕਸ ਦਾ ਲੋਦਾ ਲਵਾ ਸਕਦੇ ਹਨ।

ਜ਼ਿਆਦਾ ਜਾਣਕਾਰੀ ਲਈ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ।

## 4 ਚਿਕਨਪੌਕਸ ਦਾ ਲੋਦਾ ਲਵਾਉਣ ਦੇ ਕੀ ਖਤਰੇ ਹਨ?

ਕਿਸੇ ਵੀ ਬੀਮਾਰੀ ਦਾ ਲੋਦਾ, ਕਿਸੇ ਵੀ ਦਵਾਈ ਵਾਂਗ, ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ, ਜਿਵੇਂ ਕਿ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਣਾ। ਚਿਕਨਪੌਕਸ ਦੇ ਲੋਦੇ ਨਾਲ, ਗੰਭੀਰ ਨੁਕਸਾਨ, ਜਾਂ ਮੌਤ ਹੋਣ ਦੇ ਖਤਰੇ ਬਹੁਤ ਹੀ ਘੱਟ ਹਨ।

ਚਿਕਨਪੌਕਸ ਦਾ ਲੋਦਾ, ਚਿਕਨਪੌਕਸ ਦੀ ਬੀਮਾਰੀ ਨਾਲੋਂ ਕਿਤੇ ਜ਼ਿਆਦਾ ਸੁਰੱਖਿਅਤ ਹੈ।

ਚਿਕਨਪੌਕਸ ਦਾ ਲੋਦਾ ਲਵਾਉਣ ਵਾਲੇ ਬਹੁਤੇ ਲੋਕਾਂ ਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਆਉਂਦੀ।

**ਹਲਕੀਆਂ ਸਮੱਸਿਆਵਾਂ**

- ਲੋਦਾ ਲੱਗਾ ਥਾਂ ਦੁਖਣਾ ਜਾਂ ਸੁਜਣਾ (5 ਬੱਚਿਆਂ ਵਿਚੋਂ ਤਕਰੀਬਨ 1 ਦੇ ਅਤੇ 3 ਜਵਾਨਾਂ ਅਤੇ ਬਾਲਗਾਂ ਵਿਚੋਂ ਤਕਰੀਬਨ 1 ਦੇ)
- ਬੁਖਾਰ (10 ਵਿਅਕਤੀਆਂ ਵਿਚੋਂ 1 ਨੂੰ, ਜਾਂ ਘੱਟ)
- ਹਲਕੀ ਜਿਹੇ ਧੱਫੜ, ਜੋ ਲੋਦੇ ਤੋਂ ਬਾਅਦ ਇਕ ਮਹੀਨੇ ਤੱਕ ਰਹਿ ਸਕਦੇ ਹਨ (20 ਵਿਅਕਤੀਆਂ ਵਿਚੋਂ 1 ਨੂੰ ਜਾਂ ਘੱਟ)। ਇਹ ਲੋਕ ਘਰ ਦੇ ਦੂਜੇ ਮੈਂਬਰਾਂ ਨੂੰ ਇਹ ਬੀਮਾਰੀ ਲਾ ਸਕਦੇ ਹਨ, ਪਰ ਅਜਿਹਾ ਬਹੁਤ ਹੀ *ਘੱਟ* ਹੁੰਦਾ ਹੈ।

**ਦਰਮਿਆਨੀਆਂ ਸਮੱਸਿਆਵਾਂ**

- ਬੁਖਾਰ ਨਾਲ ਸੀਜ਼ਰ ਹੋਣਾ (ਝਟਕਾ ਲੱਗਣਾ ਜਾਂ ਬਿਟਰ ਬਿਟਰ ਦੇਖਣਾ) ਪਰ ਅਜਿਹਾ 1,000 ਪਿੱਛੇ 1 ਵਿਅਕਤੀ ਤੋਂ ਵੀ ਘੱਟ ਨੂੰ ਹੁੰਦਾ ਹੈ।

**ਗੰਭੀਰ ਸਮੱਸਿਆਵਾਂ**

- ਨਮੂਨੀਆ (ਬਹੁਤ ਘੱਟ)

ਕੁਝ ਹੋਰ ਗੰਭੀਰ ਸਮੱਸਿਆਵਾਂ ਦੀ, ਚਿਕਨਪੌਕਸ ਦੇ ਲੋਦੇ ਤੋਂ ਬਾਅਦ ਰਿਪੋਰਟ ਮਿਲੀ ਹੈ, ਜਿਸ ਵਿਚ ਦਿਮਾਗ ਵਿਚ ਗੰਭੀਰ ਰੀਐਕਸ਼ਨ ਅਤੇ ਖ਼ੂਨ ਦਾ ਘਟਣਾ ਸ਼ਾਮਲ ਹਨ। ਅਜਿਹਾ ਇੰਨਾ ਜ਼ਿਆਦਾ ਘੱਟ ਹੁੰਦਾ ਹੈ ਕਿ ਮਾਹਰ ਇਹ ਨਹੀਂ ਦੱਸ ਸਕਦੇ ਕਿ ਅਜਿਹਾ ਲੋਦੇ ਨਾਲ ਹੋਇਆ ਹੈ ਜਾਂ ਕਿਸੇ ਹੋਰ ਚੀਜ਼ ਕਰਕੇ। ਲੋਦੇ ਨਾਲ ਅਜਿਹਾ ਬਹੁਤ ਹੀ ਘੱਟ ਹੁੰਦਾ ਹੈ।

## 5 ਜੇ ਦਰਮਿਆਨਾ ਜਾਂ ਗੰਭੀਰ ਰੀਐਕਸ਼ਨ ਹੋ ਜਾਵੇ ਤਾਂ ਕੀ ਹੋਵੇਗਾ?

**ਮੈਨੂੰ ਕੀ ਦੇਖਣਾ ਚਾਹੀਦਾ ਹੈ?**

ਕੋਈ ਵੀ ਅਸਾਧਾਰਣ ਹਾਲਤ, ਜਿਵੇਂ ਕਿ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਣਾ, ਤੇਜ਼ ਬੁਖਾਰ ਜਾਂ ਵਤੀਰੇ ਵਿਚ ਤਬਦੀਲੀਆਂ। ਅਲਰਜੀ ਦੇ ਗੰਭੀਰ ਰੀਐਕਸ਼ਨ ਦੀਆਂ ਨਿਸ਼ਾਨੀਆਂ ਵਿਚ, ਸਾਹ ਲੈਣ ਵਿਚ ਔਖਿਆਈ, ਘੱਗੀ ਆਵਾਜ਼ ਜਾਂ ਸੂਕਣਾ, ਛਪਾਕੀ, ਪਿਲੱਤਣ, ਕਮਜ਼ੋਰੀ, ਦਿਲ ਤੇਜ਼ ਧੜਕਣਾ ਜਾਂ ਚੱਕਰ ਆਉਣੇ ਸ਼ਾਮਲ ਹੋ ਸਕਦੇ ਹਨ, ਜੋ ਕਿ ਲੋਦਾ ਲੱਗਣ ਤੋਂ ਬਾਅਦ ਕੁਝ ਮਿੰਟਾਂ ਤੋਂ ਲੈ ਕੁਝ ਘੰਟਿਆਂ ਵਿਚ ਸ਼ੁਰੂ ਹੋ ਸਕਦੀਆਂ ਹਨ। ਜੇ ਤੇਜ਼ ਬੁਖਾਰ, ਜਾਂ ਸੀਜ਼ਰ ਹੋਵੇ ਤਾਂ ਅਜਿਹਾ ਲੋਦੇ ਤੋਂ ਬਾਅਦ, 1 ਤੋਂ 6 ਹਫਤਿਆਂ ਵਿਚ ਹੁੰਦਾ ਹੈ।

**ਮੈਨੂੰ ਕੀ ਕਰਨਾ ਚਾਹੀਦਾ ਹੈ?**

- ਡਾਕਟਰ ਨੂੰ ਫੋਨ ਕਰੋ, ਜਾਂ ਉਸ ਵਿਅਕਤੀ ਨੂੰ ਫੌਰਨ ਡਾਕਟਰ ਕੋਲ ਲੈ ਕੇ ਜਾਵੋ।
- ਆਪਣੇ ਡਾਕਟਰ ਨੂੰ ਦੱਸੋ ਕਿ ਕੀ ਹੋਇਆ ਹੈ, ਕਿਸ ਤਰੀਕ ਅਤੇ ਸਮੇਂ ਹੋਇਆ ਹੈ, ਅਤੇ ਇਹ ਵੀ ਦੱਸੋ ਕਿ ਲੋਦਾ ਕਦੋਂ ਲਾਇਆ ਗਿਆ ਸੀ।
- ਆਪਣੇ ਡਾਕਟਰ, ਨਰਸ ਜਾਂ ਸਿਹਤ ਵਿਭਾਗ ਨੂੰ ਕਹੋ ਕਿ ਉਹ Vaccine Adverse Event Report (VAERS) (ਵੈਕਸੀਨ ਐਡਵਰਸ ਇਵੈਂਟ ਰਿਪੋਰਟ ਫਾਰਮ) ਭਰਨ ਜਾਂ ਤੁਸੀਂ ਆਪ VAERS ਨੂੰ **1-800-822-7967** ਤੇ ਮੁਫਤ ਫੋਨ ਕਰੋ।

## 6 The National Vaccine Injury Compensation Program (ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ)

ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਗੰਭੀਰ ਰੀਐਕਸ਼ਨ, ਜੋ ਕਿ ਬਹੁਤ ਘੱਟ ਹੁੰਦਾ ਹੈ, ਹੋ ਜਾਵੇ ਤਾਂ ਰੀਐਕਸ਼ਨ ਨਾਲ ਬੀਮਾਰ ਹੋਏ ਵਿਅਕਤੀਆਂ ਦੀ ਸੰਭਾਲ ਲਈ ਖਰਚਾ ਦੇਣ ਵਿਚ ਸਹਾਇਤਾ ਕਰਨ ਲਈ ਇਕ ਫੈਡਰਲ ਪ੍ਰੋਗਰਾਮ ਬਣਾਇਆ ਗਿਆ ਹੈ।

The National Vaccine Injury Compensation Program ਬਾਰੇ ਹੋਰ ਜਾਣਕਾਰੀ ਲੈਣ ਲਈ **1-800-338-2382** ਤੇ ਫੋਨ ਕਰੋ ਜਾਂ **http://www.hrsa.gov/bhpr/vicp** ਤੇ ਪ੍ਰੋਗਰਾਮ ਦਾ ਵੈੱਬਸਾਈਟ ਦੇਖੋ।

## 7 ਮੈਨੂੰ ਹੋਰ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

- ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ। ਉਹ ਤੁਹਾਨੂੰ ਵੈਕਸੀਨ ਬਾਰੇ ਲਿਖਤੀ ਜਾਣਕਾਰੀ ਦੇ ਸਕਦੇ ਹਨ ਜਾਂ ਜਾਣਕਾਰੀ ਦੇ ਕਿਸੇ ਹੋਰ ਸਰੋਤ ਬਾਰੇ ਦੱਸ ਸਕਦੇ ਹਨ।
- ਆਪਣੇ ਸਥਾਨਕ ਜਾਂ ਸਟੇਟ ਦੇ ਹੈਲਥ ਡਿਪਾਰਟਮੈਂਟ ਦੇ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਨੂੰ ਫੋਨ ਕਰੋ।
- The Centers for Disease Control and Prevention (CDC) ਨਾਲ ਸੰਪਰਕ ਕਰੋ:
  - Call 1-800-232-4636 (1-800-CDC-INFO)
  - **http://www.cdc.gov/nip** ਤੇ ਨੈਸ਼ਨਲ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਦਾ ਵੈੱਬਸਾਈਟ ਦੇਖੋ।

CDC
CENTERS FOR DISEASE CONTROL AND PREVENTION

**U.S. DEPARTMENT OF HEALTH & HUMAN SERVICES**
Centers for Disease Control and Prevention
National Immunization Program

Vaccine Information Statement
Varicella IMM 494 ML Punjabi (12/16/98)
Translated by Transcend Translations, Davis, CA
http://www.transcend.net